# ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥
ਸਤਿਗੁਰਿ ਤੁਮਰੇ ਕਾਜ ਸਵਾਰੇ ॥ (ਪੰਨਾ-201)

ਗੁਰਬਾਣੀ ਦੀਆਂ ਇਨ੍ਹਾਂ ਪੰਗਤੀਆਂ ਦੇ ਸਧਾਰਨ ਅਰਥ ਇਹ ਹਨ —

ਗੁਰੂ ਸਾਹਿਬ ਆਪਣੇ ਗੁਰ ਸਿਖਾਂ, ਹਰਿਜਨ-ਪਿਆਰਿਆਂ ਪ੍ਰਤੀ ਉਪਦੇਸ਼ ਦਿੰਦੇ ਹਨ ਕਿ ਆਪਣੇ ਮਨ ਨੂੰ ਆਪਣੇ 'ਥਿਰੁ ਘਰਿ' ਅਥਵਾ 'ਆਤਮਾ' ਵਿਚ ਟਿਕਾ ਕੇ ਬੈਠਾ ਰਹੇ ਤਾਂ ਸਤਿਗੁਰੂ ਤੇਰੇ ਕਾਜ ਸਵਾਰ ਦੇਵੇਗਾ ।

ਇਹ ਗੱਲ ਹੈ ਤਾਂ ਸਿੱਧੀ-ਸਾਦੀ, ਪਰ ਇਸ ਵਿਚ ਅਤਿਅੰਤ ਡੂੰਘੇ ਆਤਮਿਕ 'ਭੇਦ' ਛੁਪੇ ਹੋਏ ਹਨ। ਇਸ ਲਈ ਇਨ੍ਹਾਂ ਗੁਪਤ 'ਆਤਮਿਕ ਭੇਦਾਂ' ਨੂੰ ਖੋਲਣ ਲਈ ਅਤਿ ਡੂੰਘੀ ਵਿਚਾਰ ਕਰਨ ਦੀ ਲੋੜ ਹੈ ।

ਇਸ ਪਹਿਲੀ ਪੰਗਤੀ ਦੇ ਮੁਢਲੇ ਤਿੰਨ ਅੱਖਰ 'ਥਿਰੁ ਘਰਿ ਬੈਸਹੁ' ਦੇ ਅੰਤ੍ਰੀਵ ਭਾਵਾਂ ਤੇ ਗੁੱਝੇ ਭੇਦਾਂ ਦੀ ਵੱਖ-ਵੱਖ ਵਿਚਾਰ ਕੀਤੀ ਜਾਂਦੀ ਹੈ —

'ਥਿਰੁ' — 'ਥਿਰੁ' ਅੱਖਰ ਇਸ ਪੰਗਤੀ ਵਿਚ 'ਘਰਿ' ਅੱਖਰ ਦਾ ਵਿਸ਼ੇਸ਼ਣ ਹੈ, ਜਿਸ ਤੋਂ ਸਿੱਧ ਹੁੰਦਾ ਹੈ ਕਿ ਸਾਨੂੰ ਗੁਰਬਾਣੀ ਪ੍ਰੇਰਨਾ ਕਰਦੀ ਹੈ ਕਿ ਅਸੀਂ ਅਪਣੇ 'ਮਨ' ਨੂੰ ਐਸੇ ਘਰ ਵਿਚ ਟਿਕਾ ਲਈਏ — ਜੋ ਸਦੀਵੀ, ਨਿਹਚਲ, ਸਥਿਰ, ਅਹਿੱਲ, ਅਟੱਲ ਅਤੇ ਅਚੱਲ ਹੈ ।

ਪਰ ਸਾਡੇ ਬਾਹਰਮੁਖੀ ਦਿਮਾਗੀ ਗਿਆਨ ਅਨੁਸਾਰ ਅਸੀਂ ਇੱਟਾਂ, ਗਾਰਾ, ਸੀਮਿੰਟ, ਲੱਕੜਾਂ ਆਦਿ ਨਾਲ ਬਣੇ ਹੋਏ ਦ੍ਰਿਸ਼ਟਮਾਨ ਘਰਾਂ ਨੂੰ ਹੀ ਆਪਣਾ 'ਨਿਜ ਘਰ' ਅਥਵਾ 'ਥਿਰੁ ਘਰਿ' ਸਮਝੀ ਬੈਠੇ ਹਾਂ ।

ਇਹ ਦੀਸਣਹਾਰ 'ਘਰ' ਸਦੀਵੀ ਬਦਲਦੇ ਅਤੇ ਢਹਿੰਦੇ ਰਹਿੰਦੇ ਹਨ । ਇਸ ਲਈ ਇਹ ਨਾਸ਼ਵੰਤ ਘਰ — 'ਥਿਰੁ ਘਰਿ' ਅਥਵਾ 'ਨਿਜ ਘਰ' ਨਹੀਂ ਅਖਵਾ ਸਕਦੇ।

ਇਸ ਦੇ ਉਲਟ ਗੁਰਬਾਣੀ ਵਿਚ ਦਸੇ ਹੋਏ ਆਤਮਿਕ ਮੰਡਲ ਦੇ 'ਥਿਰੁ ਘਰਿ' ਅਥਵਾ 'ਨਿਜ ਘਰ' ਦੇ —

ਸਥਿਰ
ਨਿਹਚਲ

ਅਹਿੱਲ
ਅਚੱਲ
ਅਟੱਲ
ਅਬਿਨਾਸੀ

ਅਦ੍ਰਿਸ਼ਟ ਘਰ ਵਲ ਇਸ਼ਾਰਾ ਹੈ ।

ਇਸ ਲਈ—

ਸਾਡੇ ਮਨੋਕਲਪਤ ਅਥਵਾ ਦ੍ਰਿਸ਼ਟਮਾਨ ਨਾਸ਼ਵੰਤ 'ਘਰ' ਅਤੇ

ਆਤਮ ਮੰਡਲ ਦੇ 'ਥਿਰੁ ਘਰਿ'—

ਦਾ ਨਿਖੇੜਵਾਂ ਗਿਆਨ, ਸੋਝੀ ਯਾ ਨਿਰਣਾ ਕਰਨ ਦੀ ਲੋੜ ਹੈ। ਇਸ 'ਨਿਰਣੇ' ਦੀ ਖੋਜ ਕਰਨ ਵਿਚ ਗੁਰਬਾਣੀ ਸਾਡੀ ਇਉਂ ਸਹਾਇਤਾ ਅਤੇ ਅਗਵਾਈ ਕਰਦੀ ਹੈ—

ਜੋ ਘਰੁ ਛਡਿ ਗਵਾਵਣਾ ਸੋ ਲਗਾ ਮਨ ਮਾਹਿ ॥
ਜਿਥੈ ਜਾਇ ਤੁਧੁ ਵਰਤਣਾ ਤਿਸ ਕੀ ਚਿੰਤਾ ਨਾਹਿ ॥ (ਪੰਨਾ-43)

ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ ॥
ਉਆ ਡੇਰਾ ਕਾ ਸੰਜਮੋ ਗੁਰ ਕੈ ਸਬਦਿ ਪਛਾਨੁ ॥ (ਪੰਨਾ-256)

ਲਾਜ ਨ ਮਰਹੁ ਕਹਹੁ ਘਰੁ ਮੇਰਾ ॥
ਅੰਤ ਕੀ ਬਾਰ ਨਹੀ ਕਛੁ ਤੇਰਾ ॥ (ਪੰਨਾ-325)

ਮਨਮੁਖ ਹਉਮੈ ਮਾਇਆ ਸੂਤੇ ॥
ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ ॥ (ਪੰਨਾ-1049)

ਇਸ ਦੇ ਐਨ ਉਲਟ ਗੁਰਬਾਣੀ ਵਿਚ 'ਥਿਰੁ ਘਰਿ' ਅਥਵਾ 'ਨਿਜ ਘਰ' ਦੀ ਸੋਹਣੀ ਤਸਵੀਰ ਇਉਂ ਖਿੱਚੀ ਹੈ—

ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥ (ਪੰਨਾ-44)

ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ ॥
ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥ (ਪੰਨਾ-64)

ਬੇਗਮ ਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥
ਖਉਫੁ ਨ ਖਤਾ ਨ ਤਰਸੁ ਜਵਾਲੁ ॥1॥
ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥ਰਹਾਉ॥

ਕਾਇਮੁ ਦਾਇਮੁ ਸਦਾ ਪਾਤਿਸਾਹੀ ॥
ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥
ਊਹਾਂ ਗਨੀ ਬਸਹਿ ਮਾਮੂਰ ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥
ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥
ਜੋ ਹਮ ਸਹਰੀ ਸੁ ਮੀਤੁ ਹਮਾਰਾ ॥ (ਪੰਨਾ–345)

ਅਬਿਚਲ ਨਗਰੁ ਗੋਬਿੰਦ ਗੁਰੂ ਕਾ
ਨਾਮੁ ਜਪਤ ਸੁਖੁ ਪਾਇਆ ਰਾਮ ॥ (ਪੰਨਾ–783)

ਕਹੁ ਨਾਨਕ ਮੈ ਸਹਜ ਘਰੁ ਪਾਇਆ
ਹਰਿ ਭਗਤਿ ਭੰਡਾਰ ਖਜੀਨਾ ॥ (ਪੰਨਾ–1211)

ਇਸ ਆਤਮ ਮੰਡਲ ਦੇ 'ਥਿਰੁ ਘਰਿ' ਨੂੰ ਗੁਰਬਾਣੀ ਵਿਚ ਹੋਰ ਕਈਆਂ ਨਾਵਾਂ ਨਾਲ ਨਿਵਾਜਿਆ ਗਿਆ ਹੈ, ਜਿਸ ਤਰ੍ਹਾਂ ਕਿ—

ਸਚ ਖੰਡ
ਦਰੁ ਘਰੁ
ਹਰਿ ਦਰੁ
ਨਿਹਚਲ ਆਸਣ
ਨਿਜ ਘਰ
ਨਿਹਚਲੁ ਸਚੁ ਥਾਨਾ
ਅਨਭਉ ਨਗਰ
ਸਚ ਘਰ
ਬੇਗਮਪੁਰਾ
ਹਰਿ ਕਾ ਧਾਮ
ਆਪਨੜਾ ਘਰ
ਸੂਖ ਮਹਲ
ਬੈਕੁੰਠ ਨਗਰ
ਅਬਿਚਲ ਨਗਰ
ਸੰਤ ਮੰਡਲ

ਸਹਿਜ ਘਰੁ

ਅਬਿਨਾਸੀ ਮਹਲ, ਆਦਿ ।

ਸਚ ਖੰਡਿ ਵਸੈ ਨਿਰੰਕਾਰੁ ॥ (ਪੰਨਾ-8)

ਨਾਨਕ ਦਰੁ ਘਰੁ ਏਕੁ ਹੈ ਅਵਰੁ ਨ ਦੂਜੀ ਜਾਇ ॥ (ਪੰਨਾ-60)

ਹਰਿ ਦਰੁ ਸੇਵੇ ਅਲਖ ਅਭੇਵੇ
ਨਿਹਚਲੁ ਆਸਣੁ ਪਾਇਆ ॥ (ਪੰਨਾ-79)

ਨਿਜ ਘਰਿ ਬੈਸਿ ਸਹਜ ਘਰੁ ਲਹੀਐ ॥
ਹਰਿ ਰਸਿ ਮਾਤੇ ਇਹੁ ਸੁਖੁ ਕਹੀਐ ॥ (ਪੰਨਾ-227)

ਸਹਜ ਸਿਫਤਿ ਭਗਤਿ ਤਤੁ ਗਿਆਨਾ॥
ਸਦਾ ਅਨੰਦੁ ਨਿਹਚਲੁ ਸਚੁ ਥਾਨਾ॥
ਤਹਾ ਸੰਗਤਿ ਸਾਧ ਗੁਣ ਰਸੈ॥
ਅਨਭਉ ਨਗਰੁ ਤਹਾ ਸਦ ਵਸੈ ॥ (ਪੰਨਾ-237)

ਨਾਨਕ ਸਚ ਘਰੁ ਸਬਦਿ ਸਿਞਾਪੈ
ਦੁਬਿਧਾ ਮਹਲੁ ਕਿ ਜਾਣੈ ॥ (ਪੰਨਾ-243)

ਬੇਗਮ ਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥ (ਪੰਨਾ-345)

ਮੁਕਤਿ ਬੈਕੁੰਠ ਸਾਧ ਕੀ ਸੰਗਤਿ
ਜਨ ਪਾਇਓ ਹਰਿ ਕਾ ਧਾਮ ॥ (ਪੰਨਾ-682)

ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥
ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥ (ਪੰਨਾ-722)

ਸੂਖ ਮਹਲ ਜਾ ਕੇ ਊਚ ਦੁਆਰੇ ॥
ਤਾ ਮਹਿ ਵਾਸਹਿ ਭਗਤ ਪਿਆਰੇ ॥ (ਪੰਨਾ-739)

ਬੈਕੁੰਠ ਨਗਰੁ ਜਹਾ ਸੰਤ ਵਾਸਾ ॥
ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ ॥ (ਪੰਨਾ-742)

ਅਬਿਚਲ ਨਗਰੁ ਗੋਬਿੰਦ ਗੁਰੂ ਕਾ
ਨਾਮੁ ਜਪਤ ਸੁਖੁ ਪਾਇਆ ਰਾਮ ॥ (ਪੰਨਾ-783)

ਸੰਤ ਮੰਡਲ ਠਾਕੁਰ ਬਿਸ੍ਰਾਮੁ ॥ (ਪੰਨਾ-1146)

ਕਹੁ ਨਾਨਕ ਮੈ ਸਹਜ ਘਰੁ ਪਾਇਆ
ਹਰਿ ਭਗਤਿ ਭੰਡਾਰ ਖਜੀਨਾ ॥ (ਪੰਨਾ-1211)

ਇਹਨਾਂ ਦੋਹਾਂ 'ਘਰਾਂ' ਅਥਵਾ 'ਦ੍ਰਿਸ਼ਟਮਾਨ' ਨਾਸ਼ਵੰਤ ਘਰ ਅਤੇ 'ਅਨੁਭਵੀ ਨਿਜ

ਘਰ’ ਦੀ ਬਾਬਤ ਸਪਸ਼ਟ ਨਿਖੜਵਾਂ ਗਿਆਨ, ਨਿਸਚਾ ਅਤੇ ਨਿਰਣਾ ਹੋਣਾ ਅਤਿ ਲਾਜ਼ਮੀ ਹੈ ।

ਇਹ—

ਨਿਜ ਘਰ
ਅਬਿਚਲ ਨਗਰ
ਬੇਗਮਪੁਰਾ
ਨਾਨਕ ਮੰਡਲ
ਪ੍ਰੀਤ ਦੇਸ਼
ਨਾਮ ਰਸ ਦਾ ਦੇਸ਼
ਪ੍ਰੇਮ ਸਵੈਪਨਾ ਦਾ ਇਲਾਹੀ ਕੋਟ
ਅਬਿਚਲੀ ਜੋਤ ਦਾ ਦੇਸ਼

ਕਿਤੇ—

ਧਰਤੀ ਉਤੇ
ਅਕਾਸ਼ਾਂ ਉਤੇ
ਪੁਲਾੜ ਅੰਦਰ
ਪਤਾਲਾਂ ਹੇਠ

ਲੁਕਿਆ ਹੋਇਆ ਨਹੀਂ ਹੈ ।

ਅਤੇ ਨਾ ਹੀ ਇਹ—

ਇਟਾਂ
ਗਾਰੇ
ਸੀਮਿੰਟ
ਪੱਥਰ
ਸੰਗਮਰਮਰ
ਲਕੜਾਂ

ਆਦਿ ਦਾ ਬਣਿਆ ਹੋਇਆ ਹੈ !

ਇਹ ਤਾਂ—

ਪ੍ਰਕਾਸ਼ ਰੂਪ
ਸ਼ਬਦ ਰੂਪ
ਰਸ ਰੂ ਪ
ਪ੍ਰੀਤ ਖਿੱਚ

ਪਿਆਰ-ਮਸਤੀ
ਪ੍ਰੇਮ-ਸਵੈਪਨਾ
ਜੋਤ-ਵਿਗਾਸ
ਅਨਹਦ ਧੁਨੀ
ਨਾਮ-ਰੂਪ
ਸਬਦ-ਰੂਪ

ਹੈ ਅਤੇ ਸਾਡੇ ਸਰੀਰ ਵਿਚ ਅੰਤਰ ਆਤਮੇ ਲੁਕਿਆ ਹੋਇਆ ਹੈ ।

ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥ (ਪੰਨਾ-695)

ਕਾਇਆ ਨਗਰੀ ਮਹਿ ਮੰਗਣਿ ਚੜਹਿ ਜੋਗੀ
ਤਾ ਨਾਮੁ ਪਲੈ ਪਾਈ ॥ (ਪੰਨਾ-908)

ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰ ਨਿਧਿ ਪਾਈ ॥ (ਪੰਨਾ-910)

ਮੇਰੈ ਕਰਤੈ ਇਕ ਬਣਤ ਬਣਾਈ ॥
ਇਸੁ ਦੇਹੀ ਵਿਚਿ ਸਭ ਵਥੁ ਪਾਈ ॥ (ਪੰਨਾ-1064)

ਉਸ ਆਤਮਿਕ ਦੇਸ਼ ਅਥਵਾ 'ਬੇਗਮਪੁਰਾ' ਵਿਚ ਵਸਣ ਲਈ, ਪੰਜ ਭੂਤਕ ਸਰੀਰ, ਇਹ ਦੁਨਿਆਵੀ ਘਰ ਜਾਂ ਸਰੀਰ ਨੂੰ ਤਿਆਗਣ ਦੀ ਲੋੜ ਨਹੀਂ — ਕਿਉਂਕਿ ਉਹ ਨਿਰੰਕਾਰ ਦਾ ਦੇਸ਼ ਅਤਿ ਸੂਖਮ ਹੈ । ਉਹ ਸਾਡੇ ਬੁੱਧੀ ਮੰਡਲ ਦੀ ਸੋਚ-ਵਿਚਾਰ ਦੀ ਪਕੜ ਵਿਚ ਨਹੀਂ ਆ ਸਕਦਾ ।

ਇਹ ਤਾਂ ਸਿਰਫ਼ 'ਅਨਭਉ ਪ੍ਰਕਾਸ਼' ਦੁਆਰਾ ਹੀ 'ਬੁਝਿਆ ਜਾ ਪਹਿਚਾਨਿਆਂ' ਜਾ ਸਕਦਾ ਹੈ ।

ਇਸ 'ਅਦ੍ਰਿਸ਼ਟ ਇਲਾਹੀ ਮੰਡਲ' ਦਾ ਆਨੰਦ ਇਸੇ ਸੰਸਾਰ ਵਿਚ ਰਹਿੰਦਿਆਂ ਹੋਇਆਂ ਕੇਵਲ —

ਸਾਧ-ਸੰਗਤਿ ਦੇ ਮੇਲ
ਗੁਰਬਾਣੀ ਦੀ ਰੋਸ਼ਨੀ
ਮਨ ਦੀ ਆਤਮਿਕ ਸੇਧ
ਆਤਮ-ਪ੍ਰਾਇਣ ਹੋ ਕੇ
ਨਾਮ-ਅਭਿਆਸ ਕਰਦਿਆਂ
ਸਬਦ-ਸੁਰਤ ਲਿਵਲੀਨ ਹੋ ਕੇ
ਗੁਰ ਪ੍ਰਸਾਦਿ

ਦੁਆਰਾ ਹੀ ਅਨੁਭਵ ਕੀਤਾ ਅਤੇ ਮਾਣਿਆ ਜਾ ਸਕਦਾ ਹੈ ।

ਇਸ 'ਬੇਗਮਪੁਰੇ', 'ਨਿਜ ਘਰ' ਦੀ ਖੋਜ ਅਤੇ 'ਅਨੁਭਵ' ਦੀ ਪ੍ਰਾਪਤੀ ਕਰਨ ਲਈ

ਗੁਰਬਾਣੀ ਇਉਂ ਅਗਵਾਈ ਕਰਦੀ ਹੈ—

ਸਬਦਿ ਮਨੁ ਰੰਗਿਆ ਲਿਵ ਲਾਇ ॥
ਨਿਜ ਘਰਿ ਵਸਿਆ ਪ੍ਰਭ ਕੀ ਰਜਾਇ ॥ (ਪੰਨਾ–233)

ਸਾਧੂ ਕੈ ਸੰਗਿ ਮਹਲਿ ਪਹੂਚੈ ॥ (ਪੰਨਾ–271)

ਰਾਮ ਨਾਮੁ ਜਪਿ ਹਿਰਦੇ ਮਾਹਿ ॥
ਨਾਨਕ ਪਤਿ ਸੇਤੀ ਘਰਿ ਜਾਹਿ ॥ (ਪੰਨਾ–283)

ਸਾਚ ਸਬਦ ਬਿਨੁ ਮਹਲੁ ਨ ਪਛਾਣੈ ॥ (ਪੰਨਾ–414)

ਸਚੁ ਸਬਦੁ ਕਮਾਈਐ ਨਿਜ ਘਰਿ ਜਾਈਐ
ਪਾਈਐ ਗੁਣੀ ਨਿਧਾਨਾ ॥ (ਪੰਨਾ–436)

ਪ੍ਰਭੁ ਅਪੁਨਾ ਰਿਦੈ ਧਿਆਏ ॥
ਘਰਿ ਸਹੀ ਸਲਾਮਤਿ ਆਏ ॥ (ਪੰਨਾ–629)

ਸਬਦੁ ਚੀਨਹਿ ਤਾ ਮਹਲੁ ਲਹਹਿ ਜੋਤੀ ਜੋਤਿ ਸਮਾਇ ॥ (ਪੰਨਾ–649)

ਮੁਕਤਿ ਬੈਕੁੰਠ ਸਾਧ ਕੀ ਸੰਗਤਿ
ਜਨ ਪਾਇਓ ਹਰਿ ਕਾ ਧਾਮ ॥ (ਪੰਨਾ–682)

ਸੰਤ ਪ੍ਰਸਾਦਿ ਨਿਹਚਲੁ ਘਰੁ ਪਾਇਆ ॥ (ਪੰਨਾ–744)

ਨਦਰਿ ਪ੍ਰਭੂ ਸਤਸੰਗਤਿ ਪਾਈ ਨਿਜ ਘਰਿ ਹੋਆ ਵਾਸਾ ॥ (ਪੰਨਾ–774)

ਗੁਰਮੁਖਿ ਰਾਤੇ ਸਬਦਿ ਰੰਗਾਏ ॥
ਨਿਜ ਘਰਿ ਵਾਸਾ ਹਰਿ ਗੁਣ ਗਾਏ ॥ (ਪੰਨਾ–798)

ਵਿਣੁ ਭਗਤੀ ਘਰਿ ਵਾਸੁ ਨ ਹੋਵੀ ਸੁਣਿਅਹੁ ਲੋਕ ਸਬਾਏ ॥ (ਪੰਨਾ–689)

ਨਉ ਦਰਵਾਜੇ ਸਾਧਿ ਸਾਧੁ ਸਦਾਇਆ ।
ਵੀਹ ਇਕੀਹ ਉਲੰਘਿ ਨਿਜ ਘਰਿ ਆਇਆ । (ਵਾ.ਭਾ.ਗੁ. 22/6)

'ਬੈਸਹੁ'—ਸਾਡਾ ਚੰਚਲ ਮਨ ਇਕ ਪਲ ਭੀ ਟਿਕ ਨਹੀਂ ਸਕਦਾ। ਮਨ ਨੂੰ ਟਿਕਾਉਣ ਲਈ ਕਿਸੇ ਖਾਸ ਨੁਕਤੇ (point) ਦੀ ਲੋੜ ਹੈ ਜਿਸ ਉਤੇ ਇਹ ਮਨ ਧਿਆਨ ਧਰ ਕੇ ਆਪਣੀ ਬਿਰਤੀ–ਸੁਰਤੀ ਟਿਕਾ ਸਕੇ।

ਗੁਰਮਤਿ ਅਨੁਸਾਰ ਉਹ ਨੁਕਤਾ 'ਗੁਰਮੰਤਰ' ਅਥਵਾ 'ਗੁਰਸਬਦ' ਹੈ।

ਚਲਾਇਮਾਨ ਮਨ ਦੇ—

'ਸਬਦ' ਉਤੇ ਟਿਕਣ ਲਈ

'ਨਾਮ–ਸਿਮਰਨ' ਕਰਨ ਲਈ

'ਸਬਦ–ਸੁਰਤਿ' ਦੀ ਕਮਾਈ ਲਈ

ਅਤਿਅੰਤ ਦ੍ਰਿੜ੍ਹਤਾ ਅਤੇ ਉਦਮ ਦੀ ਲੋੜ ਹੈ। ਇਸ ਸਿਮਰਨ-ਅਭਿਆਸ ਲਈ 'ਸਾਧਸੰਗਤ' ਦੀ ਪ੍ਰੇਰਨਾ ਅਤੇ ਸਹਾਇਤਾ ਦੀ ਅਤਿਅੰਤ ਲੋੜ ਹੈ।

ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ (ਪੰਨਾ-12)

ਹਰਿ ਕਾ ਨਾਮੁ ਧਿਆਈਐ ਸਤਸੰਗਤਿ ਮੇਲਿ ਮਿਲਾਇ ॥ (ਪੰਨਾ-26)

ਸਾਧਸੰਗਿ ਜਪਿਓ ਭਗਵੰਤੁ ॥ (ਪੰਨਾ-183)

ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥ (ਪੰਨਾ-262)

ਸੰਤ ਕੀ ਸੇਵਾ ਨਾਮੁ ਧਿਆਈਐ ॥ (ਪੰਨਾ-265)

ਨਾਨਕ ਜਪੀਐ ਮਿਲਿ ਸਾਧਸੰਗਤਿ
ਹਰਿ ਬਿਨੁ ਅਵਰੁ ਨ ਹੋਰੁ ॥ (ਪੰਨਾ-405)

ਸਾਧਸੰਗਿ ਹਰਿ ਹਰਿ ਨਾਮੁ ਚਿਤਾਰਾ ॥ (ਪੰਨਾ-717)

ਮਿਲਿ ਸਾਧੂ ਹਰਿ ਨਾਮੁ ਧਿਆਈਐ ॥ (ਪੰਨਾ-804)

ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ ॥ (ਪੰਨਾ-817)

ਸਤਸੰਗਤਿ ਹਰਿ ਮੇਲਿ ਪ੍ਰਭ ਹਰਿ ਨਾਮੁ ਵਸੈ ਮਨਿ ਆਇ ॥ (ਪੰਨਾ-1417)

ਸਾਧ ਸੰਗਤਿ ਵਿਚ ਵਿਚਰਦਿਆਂ ਹੋਇਆਂ ਲਗਾਤਾਰ ਅਟੁਟ ਸਿਮਰਨ ਦੁਆਰਾ, ਗੁਰਸਬਦ ਸਾਡੇ ਮਨ-ਤਨ-ਚਿਤ-ਅੰਤਿਸ਼ਕਰਨ ਵਿਚ ਧਸ-ਵਸ-ਰਸ ਕੇ ਰੋਮ-ਰੋਮ ਵਿਚ ਸਮਾ ਜਾਂਦਾ ਹੈ ।

ਸਾਧਸੰਗਤਿ ਮਨਿ ਵਸੈ ਸਾਚੁ ਹਰਿ ਕਾ ਨਾਉ ॥ (ਪੰਨਾ-51)

ਮਿਲਿ ਸੰਗਤਿ ਮਨਿ ਨਾਮੁ ਵਸਾਈ ॥ (ਪੰਨਾ-95)

ਸਤਸੰਗਤਿ ਸਾਧੂ ਲਗਿ ਹਰਿ ਨਾਮਿ ਸਮਾਈਐ ॥ (ਪੰਨਾ-643)

ਸੰਤ ਮੰਡਲ ਮਹਿ ਹਰਿ ਮਨਿ ਵਸੈ ॥ (ਪੰਨਾ-1146)

ਇਸ ਤਰ੍ਹਾਂ ਆਤਮਿਕ 'ਪ੍ਰੇਮ ਸਵੈਪਨਾ' ਦੇ ਨਾਮ-ਰਸ ਅਥਵਾ ਸ਼ਬਦ-ਸੁਰਤਿ ਵਿਚ ਲੀਨ ਹੋ ਕੇ ਬਿਸਮਾਦ ਹੋਣਾ ਹੀ—

'ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ' ॥ (ਪੰਨਾ-201)

ਦੇ ਉਪਦੇਸ਼ ਦਾ ਕਮਾਉਣਾ ਹੈ ।

ਇਹ ਊਚਮ-ਊਚੀ ਸੂਚਮ-ਸੂਚੀ ਆਤਮਿਕ ਕਮਾਈ ਕੋਈ ਵਿਰਲੇ ਗੁਰਮੁਖ, ਹਰਿਜਨ, ਪਿਆਰੇ ਹੀ ਕਰਦੇ ਹਨ । ਇਸੇ ਲਈ ਇਹ 'ਥਿਰੁ ਘਰਿ ਬੈਸਹੁ' ਦਾ ਉਪਦੇਸ਼ ਹਰਿਜਨ ਪਿਆਰਿਆਂ ਵਲ ਸੰਬੋਧਨ ਕੀਤਾ ਗਿਆ ਹੈ ।

ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ ॥
ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ ॥ (ਪੰਨਾ-160)

ਨਿੱਕੇ ਬੱਚੇ (baby) ਨੂੰ ਆਪਣੇ ਆਪ ਦੀ ਸੋਝੀ ਨਹੀਂ ਹੁੰਦੀ । ਉਹ ਸਹਿਜ-ਸੁਭਾਇ ਆਪਣੇ ਮਾਂ-ਬਾਪ ਦੇ ਆਸਰੇ ਪਲਦਾ ਹੈ । ਉਸ ਦੀ ਆਪਣੇ ਮਾਂ-ਬਾਪ ਉਤੇ ਹੀ ਭੋਲੇ-ਭਾਇ ਸ਼ਰਧਾ-ਭਾਵਨੀ ਤੇ ਟੇਕ ਹੁੰਦੀ ਹੈ ।

ਇਲਾਹੀ ਹੁਕਮ ਅਨੁਸਾਰ ਬੱਚੇ ਦੀ ਸੇਵਾ-ਸੰਭਾਲ, ਪਾਲਣ-ਪੋਸ਼ਣ ਅਤੇ ਪਰਵਰਿਸ਼ ਦੀ ਜ਼ਿੰਮੇਵਾਰੀ ਮਾਂ-ਬਾਪ ਦੀ ਲਗੀ ਹੋਈ ਹੈ ।

ਬੱਚੇ ਦੇ 'ਭੋਲੇ ਪਨ' (innocence) ਅਤੇ ਸਹਿਜ-ਸੁਭਾਇ 'ਸ਼ਰਧਾ-ਭਾਵਨੀ' ਦੀ ਇਹ ਕੁਦਰਤੀ 'ਖੇਲ' ਹੈ ।

ਜਿਉਂ-ਜਿਉਂ ਬੱਚਾ ਸਿਆਣਾ ਹੁੰਦਾ ਜਾਂਦਾ ਹੈ, ਅਤੇ ਹਉਮੈ-ਵੇੜ੍ਹੀ ਸਿਆਣਪ ਘੋਟਦਾ ਹੈ ਤਿਉਂ-ਤਿਉਂ 'ਮਾਂ-ਪਿਆਰ' ਦੀ ਸਰਪ੍ਰਸਤੀ ਜਾਂ ਪ੍ਰਬੰਧ ਵਿਚ 'ਵਿਘਨ' ਪਾ ਕੇ ਆਪਣੀ ਹੀ ਸਿਆਣਪ ਵਿਚ 'ਕਰਮ-ਬਧ' ਹੁੰਦਾ ਜਾਂਦਾ ਹੈ ਅਤੇ 'ਮਾਂ-ਪਿਆਰ' ਦੀ ਨਿੱਘੀ ਗੋਦ ਦੇ ਸੁਖ ਅਤੇ ਅਨੰਦ ਤੋਂ ਵਾਂਝਾ ਜਾਂਦਾ ਹੈ ।

ਇਸੇ ਤਰ੍ਹਾਂ ਜਦ ਇਨਸਾਨ ਆਪਣੀ ਤੀਖਣ ਬੁੱਧੀ ਅਤੇ ਹਉਂਧਾਰੀ, ਸਿਆਣਪ ਦੁਆਰਾ, ਇਲਾਹੀ-ਸੁਖਦਾਈ ਅਤੇ ਆਤਮਿਕ ਸਰਪ੍ਰਸਤੀ ਤੋਂ 'ਬੇਮੁਖ' ਹੋ ਕੇ ਆਪਣੇ ਆਪ ਨੂੰ 'ਕਰਤਾ-ਧਰਤਾ' ਸਮਝਦਾ ਹੈ ਤਾਂ ਇਲਾਹੀ ਪਿਆਰ ਦੀ ਨਿੱਘੀ ਰੱਬੀ 'ਗੋਦ' ਤੋਂ ਵਾਂਝਾ ਹੋ ਜਾਂਦਾ ਹੈ ।

ਇਸੇ ਤਰ੍ਹਾਂ ਜਦ 'ਗੁਰਮੁਖ ਜਨ' ਅਥਵਾ 'ਹਰਿਜਨ ਪਿਆਰੇ' ਆਪਣੀ ਕੂੜੀ ਹਉਮੈ ਅਥਵਾ—

ਸਿਆਣਪਾਂ
ਉਕਤੀਆਂ-ਜੁਗਤੀਆਂ
ਏਹੜ-ਤੇਹੜ
ਗਿਆਨ
ਫਿਲਾਸਫੀਆਂ
'ਕਿਉਂ'
'ਕਿਆ'
'ਕੈਸੇ' ਦੇ —
ਫ਼ਿਕਰ

ਚਿੰਤਾ

ਤੌਖਲੇ

ਵਾਲੀ ਬੁੱਧੀ ਦੇ ਢਕੌਂਸਲੇ ਅਤੇ ਸਕੀਮਾਂ ਛੱਡ ਕੇ, ਨਿੱਕੇ ਬੱਚੇ ਵਾਂਗ, ਸਤਿਗੁਰੂ ਦੀ ਚਰਨ-ਸਰਨ, ਪ੍ਰੇਮ-ਸਵੈਪਨਾ ਦੀ ਨਿੱਘੀ ਗੋਦ ਅਥਵਾ 'ਥਿਰੁ ਘਰਿ' ਵਿਚ 'ਬੈਸ ਕੇ' ਅਟੁਟ ਸਿਮਰਨ ਦੁਆਰਾ ਸ਼ਬਦ-ਸੁਰਤ ਵਿਚ 'ਲਿਵ' ਲਾਉਂਦੇ ਹਨ — ਤਦ ਸਤਿਗੁਰੂ ਦੀਆਂ ਬਖਸ਼ਿਸ਼ਾਂ ਪ੍ਰਾਪਤ ਹੁੰਦੀਆਂ ਹਨ, ਜਿਨ੍ਹਾਂ ਨੂੰ ਗੁਰਬਾਣੀ ਵਿਚ ਇਉਂ ਬਿਆਨ ਕੀਤਾ ਗਿਆ ਹੈ —

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥
ਸਤਿਗੁਰਿ ਤੁਮਰੇ ਕਾਜ ਸਵਾਰੇ ॥
ਦੁਸਟ ਦੂਤ ਪਰਮੇਸਰਿ ਮਾਰੇ ॥
ਜਨ ਕੀ ਪੈਜ ਰਖੀ ਕਰਤਾਰੇ ॥
ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ ॥
ਅੰਮ੍ਰਿਤ ਨਾਮ ਮਹਾ ਰਸ ਪੀਨੇ ॥
ਨਿਰਭਉ ਹੋਇ ਭਜਹੁ ਭਗਵਾਨ ॥
ਸਾਧ ਸੰਗਤਿ ਮਿਲਿ ਕੀਨੋ ਦਾਨੁ ॥
ਸਰਣਿ ਪਰੇ ਪ੍ਰਭ ਅੰਤਰਜਾਮੀ ॥
ਨਾਨਕ ਓਟ ਪਕਰੀ ਪ੍ਰਭ ਸੁਆਮੀ ॥ (ਪੰਨਾ-201)

ਜਦ 'ਹਰਿਜਨ' ਸਤਿਗੁਰੂ ਦੀ ਪ੍ਰੇਮ ਸਵੈਪਨਾ ਦੇ ਇਲਾਹੀ ਮੰਡਲ ਵਿਚ 'ਬੇਬੀ' (baby) ਵਾਂਗ ਭੋਲੇ-ਭਾਇ ਵਸਦਾ ਹੈ ਤਾਂ ਸਤਿਗੁਰੂ ਉਸ ਗੁਰਮੁਖ ਰੂਹ ਨੂੰ ਇਉਂ ਪਿਆਰ ਨਾਲ ਨਿਵਾਜਦਾ ਹੈ —

ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ ॥
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ॥
ਸਹਜੇ ਸਹਜਿ ਖਿਲਾਇਦਾ ਨਹੀ ਕਰਦਾ ਆਲਕ ॥
ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ ॥
ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ ॥
ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥
ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ ॥
ਮੈ ਨਾਲਹੁ ਕਦੇ ਨ ਵਿਛੁੜੈ
ਹਰਿ ਪਿਤਾ ਸਭਨਾ ਗਲਾ ਲਾਇਕ ॥ (ਪੰਨਾ-1102)

ਖੇਲਿ ਖਿਲਾਇ ਲਾਡ ਲਾਡਾਵੈ ਸਦਾ ਸਦਾ ਅਨਦਾਈ ॥
ਪ੍ਰਤਿਪਾਲੈ ਬਾਰਿਕ ਕੀ ਨਿਆਈ ਜੈਸੇ ਮਾਤ ਪਿਤਾਈ ॥ (ਪੰਨਾ-1214)

ਨਿੱਕੇ ਬੱਚੇ (baby) ਦੀ ਇਸ ਉਦਾਹਰਣ ਤੋਂ ਸਿੱਧ ਹੋਇਆ ਕਿ—

1. ਹਉਮੈ-ਵੇੜ੍ਹੀ ਸਿਆਣਪ ਦੇ ਤਿਆਗਣ ਲਈ

2. ਸਿਆਣਪ ਤੋਂ ਉਪਜੇ, ਫਿਕਰ-ਚਿੰਤਾ-ਚਿਖਾ ਤੋਂ ਬਚਣ ਲਈ

3. ਸਦੀਵੀ ਅਟੱਲ, ਕੁਸਲ-ਖੇਮ ਪ੍ਰਾਪਤ ਕਰਨ ਲਈ

4. 'ਥਿਰੁ ਘਰਿ' ਬੈਸ ਕੇ ਬੇ-ਪ੍ਰਵਾਹ ਅਤੇ ਬੇਫਿਕਰ ਹੋਣ ਲਈ

5. ਇਲਾਹੀ ਦਾਤਾਂ ਤੇ ਬਖਸ਼ਿਸ਼ਾਂ ਦੇ ਪਾਤਰ ਬਣਨ ਲਈ

6. ਆਪਣੇ ਸਾਰੇ ਦੁਨਿਆਵੀ ਅਤੇ ਆਤਮਿਕ ਕਾਰਜ ਸਵਾਰਨ ਲਈ 'ਬੇਬੀ' ਵਾਂਗ ਸਾਡੇ ਮਨ ਵਿਚ ਅਕਾਲ ਪੁਰਖ ਦਾ ਪੂਰਨ ਵਿਸ਼ਵਾਸ ਹੋਣਾ ਲਾਜ਼ਮੀ ਹੈ ਅਤੇ ਉਸਦੇ—

ਸਦਾ ਅੰਗ ਸੰਗੇ
ਹਾਥ ਪੈ ਨੇਰੈ
ਰਖੈ ਜੀਅ ਨਾਲੈ
ਸਾਚ ਦ੍ਰਿੜਾਵੈ
ਅਕਥ ਕਥਾਵੈ
ਸਦ ਬਖਸਿੰਦ
ਸਦਾ ਮਿਹਰਵਾਨਾ
ਸਭ ਸੂਖਨ ਕੋ ਦਾਤਾ
ਸਭ ਦੂਖਨ ਕੋ ਹੰਤਾ
ਅਉਗਣੁ ਕੋ ਨ ਚਿਤਾਰੇ
ਅੰਤੀ ਅਉਸਰ ਲਏ ਛਡਾਏ
ਦਇਆ ਨਿਧਿ
ਭਗਤ ਵਛਲ
ਪ੍ਰੇਮ-ਪੁਰਖ
ਪ੍ਰਤਿਪਾਲੇ ਨਿਤ ਸਾਰ ਸਮਾਲੇ
ਖੇਲ ਖਿਲਾਵੈ
ਲਾਡ ਲਡਾਵੈ
ਮਾਤ ਪਿਤਾਈ

ਹੋਣ ਦਾ 'ਬੇਬੀ' (baby) ਵਾਂਗ ਸਹਿਜ-ਸੁਭਾਇ ਦ੍ਰਿੜ੍ਹ ਨਿਸਚਾ ਹੋਣਾ ਜ਼ਰੂਰੀ ਹੈ।

ਗੁਰਮੁਖਿ ਮਨਿ ਵੀਚਾਰਿਆ ਜੋ ਤਿਸੁ ਭਾਵੈ ਸੁ ਹੋਇ ॥

ਨਾਨਕ ਆਪੇ ਹੀ ਪਤਿ ਰਖਸੀ ਕਾਰਜ ਸਵਾਰੇ ਸੋਇ ॥ (ਪੰਨਾ–586)

ਐਸੇ ਭੋਲੇ–ਭਾਇ ਦ੍ਰਿੜ੍ਹ ਵਿਸ਼ਵਾਸ ਤੋਂ ਬਗੈਰ ਅਸੀਂ ਕਦਾਚਿਤ 'ਥਿਰੁ ਘਰਿ' ਵਿਚ 'ਬੈਸ' ਨਹੀਂ ਸਕਦੇ ਅਤੇ ਨਾ ਹੀ ਸਾਡੇ ਕਾਰਜ ਸੌਰ ਸਕਦੇ ਹਨ । ਕਿਉਂਕਿ ਇਸ ਅਨਿੰਨ ਆਤਮਿਕ ਵਿਸ਼ਵਾਸ ਦੀ ਅਣਹੋਂਦ ਵਿਚ, ਸਾਡਾ ਹਉਮੈ ਵੇੜ੍ਹਿਆ ਮਨ ਅਪਣੀ ਸਿਆਣਪ ਅਤੇ ਚਤੁਰਾਈਆਂ ਹੀ ਘੋਟਦਾ ਰਹੇਗਾ ਅਤੇ ਸਤਿਗੁਰੂ ਦੇ 'ਇਲਾਹੀ ਮਾਂ–ਪਿਆਰ' ਅਥਵਾ ਲਾਡਾਂ ਅਤੇ ਬਰਕਤਾਂ ਤੋਂ ਵਾਂਝਾ ਰਹੇਗਾ ।

ਗੁਰਬਾਣੀ ਵਿਚ ਇਨਸਾਨ ਦੀ ਇਸ ਅਧੋਗਤੀ ਨੂੰ ਇਉਂ ਦਰਸਾਇਆ ਗਿਆ ਹੈ—

ਮਨਮੁਖ ਹੁਕਮੁ ਨ ਜਾਣਨੀ ਤਿਨ ਮਾਰੇ ਜਮ ਜੰਦਾਰੁ ॥ (ਪੰਨਾ–90)

ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ (ਪੰਨਾ–60)

ਆਪਣੈ ਭਾਣੈ ਕਹੁ ਕਿਨਿ ਸੁਖੁ ਪਾਇਆ ਅੰਧਾ ਅੰਧੁ ਕਮਾਈ ॥ (ਪੰ.–1287)

ਆਪਣੈ ਭਾਣੈ ਕਿਨੈ ਨ ਪਾਇਓ ਜਨ ਵੇਖਹੁ ਮਨਿ ਪਤੀਆਇ ॥ (ਪੰ.–1314)

ਇਕਿ ਹੁਕਮੁ ਮੰਨਿ ਨ ਜਾਣਨੀ ਭਾਈ ਦੂਜੈ ਭਾਇ ਫਿਰਾਇ ॥ (ਪੰਨਾ–1419)

ਜੇਕਰ ਅਸੀਂ ਮੁੜ ਅਕਾਲ ਪੁਰਖ ਦੀ ਸੁਖਦਾਈ ਗੋਦ ਦਾ ਨਿੱਘ ਮਾਨਣਾ ਚਾਹੁੰਦੇ ਹਾਂ, ਤਾਂ ਸਾਨੂੰ ਗੁਰਬਾਣੀ ਦੀਆਂ ਹੇਠਲੀਆਂ ਪੰਗਤੀਆਂ ਦੀ ਰੋਸ਼ਨੀ ਵਿਚ ਆਪਣਾ ਜੀਵਨ ਢਾਲਣਾ ਪਵੇਗਾ—

ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥ (ਪੰਨਾ–210)

ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ ॥
ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ ॥ (ਪੰਨਾ–281)

ਸਤਿਗੁਰੁ ਸੁਖ ਸਾਗਰੁ ਜਗ ਅੰਤਰਿ ਹੋਰ ਥੈ ਸੁਖੁ ਨਾਹੀ ॥ (ਪੰਨਾ–603)

ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ ॥ (ਪੰਨਾ–714)

ਜੇ ਲੋੜਹਿ ਸਦਾ ਸੁਖੁ ਭਾਈ ॥
ਸਾਧੂ ਸੰਗਤਿ ਗੁਰਹਿ ਬਤਾਈ ॥ (ਪੰਨਾ–1182)

ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥ (ਪੰਨਾ–1427)

ਪਰ ਅਸੀਂ ਆਪਣੀਆਂ ਆਦਤਾਂ, ਨਿਸਚਿਆਂ ਅਤੇ ਅੰਤਿਸ਼ਕਰਨ ਦੇ ਡੂੰਘੇ ਅਸਰ ਹੇਠ 'ਕਰਮ–ਬਧ' ਹੋ ਕੇ ਰੋਜ਼ਾਨਾ ਜੀਵਨ ਦੇ 'ਰੋੜ੍ਹ' (routine) ਵਿਚ ਇਤਨੇ ਗਲਤਾਨ, ਮਸਤ ਅਤੇ ਗੁਆਚੇ ਰਹਿੰਦੇ ਹਾਂ ਕਿ ਪੁਰਾਣੀ ਜੀਵਨ ਪ੍ਰਣਾਲੀ ਵਿਚੋਂ ਨਿਕਲਣ ਦਾ ਸਾਨੂੰ ਕਦੇ—

ਖਿਆਲ
ਚਿਤਵਨੀ
ਚਾਉ
ਉਮਾਹ
ਉਦਮ

ਹੀ ਨਹੀਂ ਆਉਂਦਾ !

ਜਨਮਾਂ-ਜਨਮਾਂਤਰਾਂ ਤੋਂ ਆਪਣੇ ਅੰਤਿਸ਼ਕਰਨ ਦੇ ਅਧੀਨ ਪੁਰਾਣੇ ਖਿਆਲਾਂ, ਨਿਸਚਿਆਂ ਦਾ ਇਤਨਾ ਅਭਿਆਸ (practice) ਕੀਤਾ ਹੋਇਆ ਹੈ ਕਿ ਹਉਂਧਾਰੀ 'ਭਰਮ-ਗੜ੍ਹ' ਦੇ ਘੁੰਮਣ-ਘੇਰੇ ਵਿਚ ਹੀ ਪਲਚਿ ਪਲਚਿ ਕੇ ਆਪਣਾ ਅਮੋਲਕ ਜੀਵਨ ਅਜਾਈਂ ਗਵਾ ਰਹੇ ਹਾਂ ।

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ-133)

ਇਨ੍ਹਾਂ ਪੁਰਾਣੇ ਖਿਆਲਾਂ, ਨਿਸਚਿਆਂ, ਆਦਤਾਂ ਦੇ ਦੁਖਦਾਈ ਚੱਕਰ ਤੋਂ ਬਾਹਰ ਕਿਸੇ ਹੋਰ—

ਉਚੇਰੇ
ਚੰਗੇਰੇ
ਸੁਹਣੇਰੇ
ਸੁਖਦਾਈ
ਕਲਿਆਨਕਾਰੀ

ਆਤਮਿਕ ਜੀਵਨ ਦੀ ਬਾਬਤ ਸਾਨੂੰ—

ਪਤਾ ਹੀ ਨਹੀਂ
ਤਾਂਘ ਹੀ ਨਹੀਂ
ਲੋੜ ਹੀ ਨਹੀਂ

ਉਪਰਾਲਾ ਤਾਂ ਕੀ ਕਰਨਾ ਸੀ ।

ਭਾਵੇਂ ਅਸੀਂ ਹਉਮੈ-ਵੇੜ੍ਹੀ, ਪੁਰਾਣੀ 'ਜੀਵਨ-ਪ੍ਰਣਾਲੀ' ਵਿਚ ਵਿਚਰਦਿਆਂ ਹੋਇਆਂ ਦੁਖੀ ਹੋ ਕੇ 'ਹਾਲ-ਦੁਹਾਈ' ਵੀ ਕਰੀ ਜਾਂਦੇ ਹਾਂ ਅਤੇ ਨਾਲ ਹੀ ਚੰਗੇਰੀ, ਸੁਖਦਾਈ, ਆਤਮਿਕ ਜੀਵਨ-ਸੇਧ ਦੀ ਬਾਬਤ—

ਪੜ੍ਹਦਿਆਂ—ਪੜ੍ਹਾਉਂਦਿਆਂ
ਸੁਣਦਿਆਂ—ਸੁਣਾਉਂਦਿਆਂ
ਸਮਝਦਿਆਂ—ਸਮਝਾਉਂਦਿਆਂ
ਗਿਆਨ ਘੋਟਦਿਆਂ

ਫਿਲਾਸਫੀਆਂ ਘੋਟਦਿਆਂ
ਵਾਹ-ਵਾਹ ਕਰਦਿਆਂ
ਸਿਰ ਹਿਲਾਉਂਦਿਆਂ
ਗਧਾ-ਵੈਰਾਗ ਦੇ ਹੰਝੂ ਕੇਰਦਿਆਂ
ਕਰਮ-ਕਾਂਡ ਕਰਦਿਆਂ
ਪਾਠ-ਪੂਜਾ ਕਰਦਿਆਂ
ਭਲੇ-ਭਲੇਰੇ ਬਣਦਿਆਂ

ਹੋਇਆਂ ਭੀ, ਅਸੀਂ ਆਪਣੀ ਪੁਰਾਣੀ ਪ੍ਰਣਾਲੀ (old routine) ਨੂੰ ਛੱਡਣ ਲਈ ਤਿਆਰ ਨਹੀਂ ਹਾਂ । ਏਸੇ ਕਾਰਣ ਸਭ ਧਾਰਮਿਕ ਕਰਮ-ਧਰਮ ਕਰਦਿਆਂ ਹੋਇਆਂ ਭੀ ਸਾਡੇ ਜੀਵਨ ਵਿਚ ਕੋਈ 'ਤਬਦੀਲੀ' ਨਹੀਂ ਆਉਂਦੀ ।

ਪੰਚਾਂ ਦਾ ਕਿਹਾ ਸਿਰ ਮੱਥੇ,
ਪਰਨਾਲਾ ਉੱਥੇ ਦਾ ਉੱਥੇ ।

ਵਾਲੀ ਸਾਡੀ ਹਾਸੋ-ਹੀਣੀ 'ਜੀਵਨ ਚਾਲ' ਹੈ ।

ਹੁਣ ਸਵਾਲ ਇਹ ਹੈ ਕਿ 'ਬੇਬੀ' (baby) ਵਰਗੇ ਭੋਲੇ-ਭਾਇ ਵਿਸ਼ਵਾਸ (innocent faith) ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ?

ਐਸਾ ਆਤਮਿਕ 'ਸਹਜ-ਵਿਸ਼ਵਾਸ'—

ਪੜ੍ਹਾਈਆਂ ਨਾਲ
ਦਿਮਾਗੀ ਗਿਆਨ ਨਾਲ
ਫਿਲਾਸਫੀਆਂ ਨਾਲ
ਪਾਠ-ਪੂਜਾ ਨਾਲ
ਕਰਮ-ਕਾਂਡਾਂ ਨਾਲ
ਜੋਗ ਸਾਧਨਾਂ

ਦੁਆਰਾ, ਬਾਹਰੋਂ ਪ੍ਰਾਪਤ ਨਹੀਂ ਹੋ ਸਕਦਾ, ਕਿਉਂਕਿ ਬਾਹਰਮੁਖੀ ਦਿਮਾਗੀ ਨਿਸਚਾ, ਸ਼ਰਧਾ, ਵਿਸ਼ਵਾਸ, ਅਲਪ-ਬੁੱਧੀ ਤਾਂਈ 'ਸੀਮਤ' ਹੈ ਅਤੇ ਸਾਡੀ ਮਨ ਦੀ ਰੰਗਤ ਅਨੁਸਾਰ ਹਮੇਸ਼ਾਂ 'ਬਦਲਦਾ' ਰਹਿੰਦਾ ਹੈ ।

ਇਸ ਦੇ ਉਲਟ ਆਤਮਿਕ ਸ਼ਰਧਾ ਅਤੇ ਵਿਸ਼ਵਾਸ ਅੰਤਰ-ਆਤਮਾ ਵਿਚੋਂ—

ਅਭੋਲ ਹੀ
ਸਹਿਜ-ਸੁਭਾਇ

ਫੁੱਟ ਕੇ

ਉਪਜਦਾ ਹੈ—ਜੋ ਦ੍ਰਿੜ੍ਹ ਅਤੇ ਅਟੱਲ ਹੁੰਦਾ ਹੈ । ਐਸਾ ਆਤਮਿਕ ਵਿਸ਼ਵਾਸ—

ਗੁਰਮੁਖ ਪਿਆਰਿਆਂ

ਬਖਸ਼ੇ ਹੋਏ ਮਹਾਂਪੁਰਖਾਂ

ਆਤਮ ਜੀਵਨ ਵਾਲੇ

ਹਰਿਜਨਾਂ

ਦੀ ਸੇਵਾ ਅਤੇ ਸੰਗਤ ਵਿਚ ਉਪਜਦਾ ਤੇ ਪ੍ਰਫੁਲਤ ਹੋ ਸਕਦਾ ਹੈ ।

ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥ (ਪੰਨਾ-272)

ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ ॥ (ਪੰਨਾ-271)

ਸਾਧਸੰਗਤਿ ਉਪਜੈ ਬਿਸ੍ਵਾਸ ॥
ਬਾਹਰਿ ਭੀਤਰਿ ਸਦਾ ਪ੍ਰਗਾਸ ॥ (ਪੰਨਾ-343)

ਸੰਤ ਸੇਵਾ ਕਰਿ ਭਾਵਨੀ ਲਾਈਐ
ਤਿਆਗਿ ਮਾਨੁ ਹਾਠੀਲਾ ॥ (ਪੰਨਾ-498)

ਸਾਧਸੰਗਤਿ ਬਿਨਾ ਭਾਉ ਨਹੀ ਊਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥ (ਪੰਨਾ-694)

ਸਤਸੰਗਤਿ ਮਿਲੈ ਤ ਦਿੜਤਾ ਆਵੈ
ਹਰਿ ਰਾਮ ਨਾਮਿ ਨਿਸਤਾਰੇ ॥ (ਪੰਨਾ-981)

ਉਪਰਲੀਆਂ ਵਿਚਾਰਾਂ ਤੋਂ ਪਤਾ ਲੱਗਾ ਕਿ ਸ੍ਰਿਸ਼ਟੀ ਵਿਚ ਦੋ ਅੱਡ-ਅੱਡ ਮੁਤਜ਼ਾਦ ਮੰਡਲ ਹਨ—

1. ਹਉਮੈ-ਵੇੜ੍ਹੀ ਸਿਆਣਪ ਦਾ ਮੰਡਲ—ਜਿਸ ਵਿਚ ਦੁਖ, ਕਲੇਸ਼, ਚਿੰਤਾ ਫਿਕਰ, ਤ੍ਰਿਸ਼ਨਾ ਦੀ ਅੱਗ ਵਰਤ ਰਹੀ ਹੈ ।

2. 'ਨਿਜ ਘਰ', 'ਬੇਗਮਪੁਰਾ' ਅਥਵਾ 'ਅਨੁਭਵੀ ਮੰਡਲ', ਜਿਸ ਵਿਚ—

ਸਦਾ ਖੈਰ

ਸਦਾ ਸੁਖ

ਸਦਾ ਖੁਸ਼ੀ

ਪ੍ਰੀਤ

ਪ੍ਰੇਮ

ਰਸ

ਚਾਉ

ਨਾਮ

ਸ਼ਾਂਤੀ

ਵਰਤ ਰਹੀ ਹੈ ।

ਇਨਸਾਨ ਦੇ ਸਾਹਮਣੇ ਇਹ ਮਹੱਤਵਪੂਰਨ ਚਣੌਤੀ ਹੈ ਕਿ ਉਹ ਇਨ੍ਹਾਂ ਦੋਹਾਂ ਮੰਡਲਾਂ ਵਿਚੋਂ ਕਿਹੜੇ ਮੰਡਲ ਵਿਚ ਵਿਚਰਨਾ ਤੇ ਵਸਣਾ ਚਾਹੁੰਦਾ ਹੈ । ਇਸ ਚੋਣ ਦਾ ਨਿਰਣਾ—'ਫੈਸਲਾ' ਸਾਡੇ ਨਿਸਚਿਆਂ, ਭਾਵਨਾਵਾਂ ਅਤੇ 'ਅਨੁਭਵ' ਤੇ ਨਿਰਭਰ ਹੈ ।